# ਵਾਲੰਟੀਅਰਾਂ ਲਈ ਜਾਣਕਾਰੀ ਦਾ ਪੈਕਜ

ਸਰੀ ਸਕੂਲਜ਼ ਲਈ ਵਾਲੰਟੀਅਰ ਬਣਨ ਲਈ ਧੰਨਵਾਦ। ਕਿਉਂਕਿ ਸਾਡੀ ਸਾਂਝੀ ਪਹਿਲ ਵਿਦਿਆਰਥੀਆਂ ਦੀ ਸੇਫਟੀ ਨੂੰ ਯਕੀਨੀ ਬਣਾਉਣਾ ਹੈ, ਇਸ ਲਈ ਸਰੀ ਸਕੂਲਜ਼ ਦੀ ਸ਼ਰਤ ਹੈ ਕਿ ਸਕੂਲ ਦੀਆਂ ਸਰਗਰਮੀਆਂ ਵਿੱਚ ਹਿੱਸਾ ਲੈਣ ਵਾਲੇ ਸਾਰੇ ਵਾਲੰਟੀਅਰ, ਭਾਵੇਂ ਉਹ ਕਰਮਚਾਰੀ ਹੋਣ, ਕਮਿਊਨਿਟੀ ਦੇ ਮੈਂਬਰ ਹੋਣ, ਮਾਪੇ ਜਾਂ ਗਾਰਡੀਅਨ ਹੋਣ, ਕ੍ਰਿਮੀਨਲ ਰਿਕਾਰਡ ਚੈੱਕ ਕਰਵਾ ਕੇ ਦੇਣ। ਇਹ ਗਾਈਡ ਇਸ ਬਾਰੇ ਲੋੜੀਂਦੀ ਜਾਣਕਾਰੀ ਪ੍ਰਾਪਤ ਕਰਨ ਵਿੱਚ ਤੁਹਾਡੀ ਮਦਦ ਕਰਨ ਲਈ ਤਿਆਰ ਕੀਤੀ ਗਈ ਹੈ।

ਵਾਲੰਟੀਅਰ ਸਕੂਲ ਦੀ ਸਰਗਰਮ ਅਤੇ ਉਤਸ਼ਾਹ ਭਰਪੂਰ ਕਮਿਊਨਿਟੀ ਦੇ ਵਿਕਾਸ ਵਿੱਚ ਇਕ ਜ਼ਰੂਰੀ ਰੋਲ ਨਿਭਾਉਂਦੇ ਹਨ। ਅਸੀਂ ਤੁਹਾਡੇ ਵਲੋਂ ਵਾਲੰਟੀਅਰ ਬਣਨ ਦੇ ਸਾਡੇ ਅਮਲ ਨੂੰ ਸਮਝਣ, ਵਿਦਿਆਰਥੀਆਂ ਦੀ ਸੇਫਟੀ ਲਈ ਤੁਹਾਡੀ ਲਗਨ ਅਤੇ ਖੁੱਲ੍ਹਦਿਲੀ ਨਾਲ ਆਪਣਾ ਸਮਾਂ ਦੇਣ ਦੀ ਸੱਚੇ ਦਿਲੋਂ ਕਦਰ ਕਰਦੇ ਹਾਂ। ਤੁਹਾਡੇ ਯਤਨ ਵਿਦਿਆਰਥੀਆਂ ਲਈ ਉਹ ਕੀਮਤੀ ਮੌਕੇ ਪ੍ਰਦਾਨ ਕਰਦੇ ਹਨ ਜਿਹੜੇ ਉਹਨਾਂ ਨੂੰ ਤੁਹਾਡੇ ਯਤਨਾਂ ਤੋਂ ਬਿਨਾਂ ਉਪਲਬਧ ਨਹੀਂ ਹੋਣਗੇ।

ਜੇ ਇਸ ਲਿਖਤ ਵਿੱਚ ਦੱਸੀਆਂ ਸ਼ਰਤਾਂ ਬਾਰੇ ਤੁਹਾਡਾ ਕੋਈ ਸਵਾਲ ਹੋਵੇ ਜਾਂ ਇਸ ਬਾਰੇ ਤੁਹਾਨੂੰ ਹੋਰ ਮਦਦ ਦੀ ਲੋੜ ਹੋਵੇ ਤਾਂ ਕਿਰਪਾ ਕਰਕੇ ਸਕੂਲ ਦੇ ਦਫਤਰ ਨਾਲ ਬਿਨਾਂ ਕਿਸੇ ਝਿਜਕ ਦੇ ਸੰਪਰਕ ਕਰੋ।

### ਕ੍ਰਿਮੀਨਲ ਰਿਕਾਰਡ ਚੈੱਕ ( ਸੀ ਆਰ ਸੀਜ਼)

ਕ੍ਰਿਮੀਨਲ ਰਿਕਾਰਡ ਰਿਵੀਊ ਪ੍ਰੋਗਰਾਮ (ਸੀ ਆਰ ਆਰ ਪੀ) ਅਧੀਨ ਸਕੂਲ ਬੋਰਡਾਂ ਲਈ ਇਹ ਯਕੀਨੀ ਬਣਾਉਣਾ ਜ਼ਰੂਰੀ ਹੈ ਕਿ ਉਹਨਾਂ ਸਾਰੇ ਵਾਲੰਟੀਅਰਾਂ ਦੇ ਕ੍ਰਿਮੀਨਲ ਰਿਕਾਰਡਾਂ ਨੂੰ ਪੂਰੀ ਤਰ੍ਹਾਂ ਚੈੱਕ ਕੀਤਾ ਜਾਵੇ ਜਿਹਨਾਂ ਵਲੋਂ ਨਾਬਾਲਗ ਬੱਚਿਆਂ ਤੱਕ ਨਿਗਰਾਨੀ ਤੋਂ ਬਿਨਾਂ ਪਹੁੰਚ ਰੱਖਣ ਦੀ ਸੰਭਾਵਨਾ ਹੋਵੇ। ਸਕੂਲ ਡਿਸਟ੍ਰਿਕਟ ਤੁਹਾਡੇ ਵਲੋਂ ਇਹ ਸਮਝਣ ਦੀ ਕਦਰ ਕਰਦਾ ਹੈ ਕਿ ਇਸ ਚੈੱਕ ਦੀ ਮੰਗ ਕਰਨਾ ਇਕ ਕਾਨੂੰਨੀ ਸ਼ਰਤ ਦੇ ਨਾਲ ਨਾਲ ਵਿਦਿਆਰਥੀਆਂ ਦੀ ਸੇਫਟੀ ਲਈ ਸਾਡੀ ਪ੍ਰਤੀਬੱਧਤਾ ਦਾ ਹਿੱਸਾ ਹੈ। ਇਹ ਸਮਝਦੇ ਹੋਏ ਕਿ ਅਜਿਹੀ ਜਾਣਕਾਰੀ ਦੇਣ ਬਾਰੇ ਕੁੱਝ ਫਿਕਰ ਹੋ ਸਕਦੇ ਹਨ, ਸਕੂਲ ਡਿਸਟ੍ਰਿਕਟ ਭੇਤਦਾਰੀ ਦਾ ਭਰੋਸਾ ਦਿਵਾਉਂਦਾ ਹੈ। **ਕਿਰਪਾ ਕਰਕੇ ਨੋਟ ਕਰੋ**: ਡਿਸਟ੍ਰਿਕਟ ਨੂੰ ਦਿੱਤੀਆਂ ਜਾਂਦੀਆਂ ਸੀ ਆਰ ਸੀਜ਼ ਵਿੱਚ ਸਿਰਫ "ਕਲੀਅਰਡ" ਜਾਂ "ਨੌਟ ਕਲੀਅਰਡ" ਦੱਸਿਆ ਗਿਆ ਹੁੰਦਾ ਹੈ - ਉਹਨਾਂ ਵਿੱਚ ਕਿਸੇ ਵੀ ਕਾਨੂੰਨੀ ਉਲੰਘਣਾ ਦਾ ਵੇਰਵਾ ਨਹੀਂ ਦਿੱਤਾ ਗਿਆ ਹੁੰਦਾ।

### ਕ੍ਰਿਮੀਨਲ ਰਿਕਾਰਡ ਚੈੱਕ ਪ੍ਰਾਪਤ ਕਰਨਾ - ਸਰੀ ਸਕੂਲਜ਼

ਸਰੀ ਸਕੂਲਜ਼ ਲਈ ਕ੍ਰਿਮੀਨਲ ਰਿਕਾਰਡ ਚੈੱਕ (ਸੀ ਆਰ ਸੀ) ਮੁਕੰਮਲ ਕਰਨ ਲਈ, ਕਿਰਪਾ ਕਰਕੇ ਹੇਠਾਂ ਦਿੱਤੇ ਕਦਮਾਂ ਦੀ ਪਾਲਣਾ ਕਰੋ:

---

**ਕਦਮ 1: ਮੁਢਲਾ ਫਾਰਮ ਭਰੋ**

- ਫਾਰਮ ਤੱਕ ਪਹੁੰਚ ਕਰਨ ਅਤੇ ਉਸ ਨੂੰ ਭਰਨ ਲਈ ਇਹ ਲਿੰਕ ਸੀ ਆਰ ਸੀ ਵਾਲੰਟੀਅਰ ਫਾਰਮ ਜਾਂ ਇਹ ਕਿਊ ਆਰ ਕੋਡ ਵਰਤੋ
- ਦਾਖਲ ਕਰਨ ਬਾਅਦ ਫਾਰਮ ਹਿਊਮਨ ਰਿਸੋਰਸਜ਼ (ਐੱਚ ਆਰ) ਡਿਪਾਰਟਮੈਂਟ ਨੂੰ ਭੇਜਿਆ ਜਾਂਦਾ ਹੈ ਅਤੇ ਤੁਹਾਡੇ ਸਕੂਲ ਦੇ ਸਾਈਟ ਨੂੰ ਕਾਪੀ ਭੇਜੀ ਜਾਂਦੀ ਹੈ। ਫਿਰ ਐੱਚ ਆਰ ਤੁਹਾਡੀ ਬੇਨਤੀ ਕ੍ਰਿਮੀਨਲ ਰਿਕਾਰਡ ਰਿਵੀਊ ਪ੍ਰੋਗਰਾਮ (ਸੀ ਆਰ ਆਰ ਪੀ) ਨੂੰ ਭੇਜਦਾ ਹੈ।

**ਕਦਮ 2: ਆਨਲਾਈਨ ਕ੍ਰਿਮੀਨਲ ਰਿਕਾਰਡ ਚੈੱਕ ਮੁਕੰਮਲ ਕਰੋ**

- ਤੁਹਾਨੂੰ ਪੀ ਐੱਸ ਐੱਸ ਜੀ ਸਿਕਿਉਰਟੀ ਪ੍ਰੋਗਰਾਮਜ਼ ਡਿਵੀਜ਼ਨ ਵਲੋਂ ਇਕ ਈਮੇਲ ਮਿਲੇਗੀ ਜਿਸ ਵਿੱਚ ਆਨਲਾਈਨ ਸੀ ਆਰ ਸੀ ਮੁਕੰਮਲ ਕਰਨ ਲਈ ਹਿਦਾਇਤਾਂ ਦਿੱਤੀਆਂ ਹੋਣਗੀਆਂ।
- ਕਾਰਵਾਈ ਸ਼ੁਰੂ ਕਰਨ ਲਈ ਈਮੇਲ ਵਿੱਚ ਦਿੱਤੇ ਲਿੰਕ ਦੀ ਵਰਤੋਂ ਕਰੋ।
- ਤੁਹਾਨੂੰ ਲੌਗ ਕਰਨ ਦਾ ਤਰੀਕਾ ਚੁਣਨ ਲਈ ਕਿਹਾ ਜਾਵੇਗਾ।

**ਵਧੀਆ ਤਰੀਕਾ**: ਬੀ ਸੀ ਸਰਵਿਸਜ਼ ਕਾਰਡ ਦੀ ਲੌਗਿਨ ਵਰਤੋ

- ਤੁਹਾਡੀ ਪਛਾਣ ਦੀ ਤਸਦੀਕ ਕਰਨ ਲਈ ਅਤੇ ਕਾਰਵਾਈ ਨੂੰ ਇਸ ਢੰਗ ਨਾਲ ਮੁਕੰਮਲ ਕਰਨ ਲਈ ਤੁਹਾਡੇ ਕੋਲ ਬੀ ਸੀ ਸਰਵਿਸਜ਼ ਐਪ ਦਾ ਹੋਣਾ ਜ਼ਰੂਰੀ ਹੈ।

ਜੇ ਤੁਹਾਡੇ ਕੋਲ ਬੀ ਸੀ ਸਰਵਿਸਜ਼ ਕਾਰਡ ਐਪ ਨਾ ਹੋਵੇ ਤਾਂ ਤੁਸੀਂ ਇਸ ਨੂੰ ਡਾਊਨਲੋਡ ਕਰ ਸਕਦੇ ਹੋ:

- ਐਪ ਨੂੰ ਡਾਊਨਲੋਡ ਅਤੇ ਸੈੱਟ ਕਰਨ ਲਈ ਹਿਦਾਇਤਾਂ ਇੱਥੇ ਹਨ: ਬੀ ਸੀ ਸਰਵਿਸਜ਼ ਕਾਰਡ ਸੈੱਟ ਅੱਪ ਗਾਈਡ
- ਐਪ ਹੇਠਾਂ ਦਿੱਤਿਆਂ ਵਿੱਚ ਕੰਮ ਕਰਦਾ ਹੈ:
  - ਆਈਫੋਨ/ਆਈਪੈਡ (ਆਈ ਓ ਐੱਸ 13 ਜਾਂ ਉਸ ਤੋਂ ਬਾਅਦ ਵਾਲੇ)
  - ਐਂਡਰੌਇਡ ਦੀਆਂ ਡਿਵਾਈਸਾਂ (ਵਰਜ਼ਨ 6.0 ਜਾਂ ਬਾਅਦ ਵਾਲੀਆਂ)

---

**ਕਦਮ 3: ਜੇ ਤੁਸੀਂ ਬੀ ਸੀ ਸਰਵਿਸਜ਼ ਕਾਰਡ ਨੂੰ ਨਾ ਵਰਤ ਸਕਦੇ ਹੋਵੋ ਤਾਂ**

- ਤੁਸੀਂ ਆਨਲਾਈਨ ਐਪਲੀਕੇਸ਼ਨ ਭਰਨਾ ਜਾਰੀ ਰੱਖ ਸਕਦੇ ਹੋ, ਪਰ ਤੁਹਾਨੂੰ ਖੁਦ ਐੱਚ ਆਰ ਡਿਪਾਰਟਮੈਂਟ ਵਿੱਚ ਜਾਣਾ ਪਵੇਗਾ
- ਫਾਰਮ ਦਾਖਲ ਕਰਨ ਤੋਂ ਬਾਅਦ ਤੁਹਾਨੂੰ ਐੱਸ ਡੀ 36 ਦੀ ਐੱਚ ਆਰ ਵਲੋਂ ਇਕ ਈਮੇਲ ਆਏਗੀ ਜਿਸ ਵਿੱਚ ਆਪਣੀ ਪਛਾਣ ਦੀ ਪੁਸ਼ਟੀ ਕਰਨ ਲਈ ਤੁਹਾਨੂੰ ਡਿਸਟ੍ਰਿਕਟ ਦੇ ਦਫਤਰ ਆਉਣ ਲਈ ਕਿਹਾ ਗਿਆ ਹੋਵੇਗਾ।

  ਡਿਸਟ੍ਰਿਕਟ ਐਜੂਕੇਸ਼ਨ ਸੈਂਟਰ<br>
  14033 - 92 ਐਵਨਿਊ, ਸਰੀ, ਬੀ ਸੀ, V4B 1X7<br>
  ਖੁੱਲ੍ਹਣ ਦਾ ਸਮਾਂ: ਸੋਮਵਾਰ - ਸ਼ੁੱਕਰਵਾਰ, ਸਵੇਰ ਦੇ 8:00 ਵਜੇ ਤੋਂ ਸ਼ਾਮ ਦੇ 4:00 ਵਜੇ ਤੱਕ
- ਪੁਸ਼ਟੀ ਕਰਨ ਲਈ ਸਰਕਾਰ ਵਲੋਂ ਜਾਰੀ ਕੀਤੀਆਂ ਦੋ ਆਈ ਡੀਆਂ ਲੈ ਕੇ ਆਵੋ।

---

**ਕਦਮ 4: ਪੁਸ਼ਟੀ**

- ਜਦੋਂ ਤੁਹਾਡੀ ਸੀ ਆਰ ਸੀ ਮੁਕੰਮਲ ਹੋ ਜਾਵੇਗੀ ਤਾਂ ਐੱਚ ਆਰ ਇਸ ਦੀ ਪੁਸ਼ਟੀ ਕਰਨ ਲਈ ਤੁਹਾਨੂੰ ਇਕ ਈਮੇਲ ਭੇਜੇਗਾ ਅਤੇ ਤੁਹਾਡੇ ਸਕੂਲ ਵਾਲੀ ਥਾਂ ਨੂੰ ਇਸ ਦੀ ਕਾਪੀ ਭੇਜੇਗਾ।

---

**ਕਦਮ 5: ਵਾਲੰਟੀਅਰ ਦੀ ਸਾਲਾਨਾ ਚੈੱਕ-ਇਨ**

- ਹਰ ਸਾਲ ਐੱਚ ਆਰ ਵਾਲੰਟੀਅਰਾਂ ਨੂੰ ਇਹ ਪੁਸ਼ਟੀ ਕਰਨ ਲਈ ਇਕ ਈਮੇਲ ਭੇਜੇਗਾ ਕਿ ਕੀ ਉਹ ਵਾਲੰਟੀਅਰ ਕਰਨਾ ਜਾਰੀ ਰੱਖਣਗੇ
- ਇਸ ਨਾਲ ਸਕੂਲ ਵਿੱਚ ਰਿਕਾਰਡਾਂ ਨੂੰ ਅਪ ਟੂ ਡੇਟ ਰੱਖਣ ਵਿੱਚ ਮਦਦ ਮਿਲਦੀ ਹੈ।
- ਨੋਟ: ਕ੍ਰਿਮੀਨਲ ਰਿਕਾਰਡ ਚੈੱਕ 5 ਸਾਲਾਂ ਤੱਕ ਉਚਿਤ ਹੁੰਦੇ ਹਨ।

ਪੰਜਵੇਂ ਸਾਲ ਵਿੱਚ ਐੱਚ ਆਰ ਤੁਹਾਡੇ ਨਾਲ ਇਹ ਪੁਸ਼ਟੀ ਕਰਨ ਲਈ ਸੰਪਰਕ ਕਰੇਗਾ ਕਿ ਕੀ ਨਵੇਂ ਸਿਰਿਉਂ ਰਿਕਾਰਡ ਚੈੱਕ ਕਰਨ ਦੀ ਲੋੜ ਹੈ, ਅਤੇ ਜੇ ਲੋੜ ਹੋਵੇ ਤਾਂ ਇਸ ਲਈ ਅਮਲ ਨੂੰ ਸ਼ੁਰੂ ਕਰੇਗਾ।

**ਸਰਕਾਰ ਵਲੋਂ ਜਾਰੀ ਕੀਤੀਆਂ ਸਵੀਕਾਰ ਕੀਤੀਆਂ ਜਾਣ ਵਾਲੀਆਂ ਆਈ ਡੀਆਂ ਇਸ ਪ੍ਰਕਾਰ ਹਨ:**

ਪ੍ਰਾਇਮਰੀ ਆਈ ਡੀ (ਜ਼ਰੂਰੀ ਹੈ ਕਿ ਕੈਨੇਡਾ ਦੀ ਕਿਸੇ ਸਰਕਾਰ ਜਾਂ ਏਜੰਸੀ ਵਲੋਂ ਜਾਰੀ ਕੀਤੀ ਗਈ ਫੋਟੋ ਵਾਲੀ ਆਈ ਡੀ ਹੋਵੇ)

- ਬੀ ਸੀ ਦਾ ਡਰਾਈਵਰ ਲਾਇਸੰਸ (ਬੀ ਸੀ ਡੀ ਐੱਲ)
- ਬੀ ਸੀ ਸਰਵਿਸਜ਼ ਦਾ ਕਾਰਡ (ਜਾਂ ਬੀ ਸੀ ਡੀ ਐੱਲ ਅਤੇ ਬੀ ਸੀ ਸਰਵਿਸਜ਼ ਕਾਰਡ ਵਾਲਾ ਇਕੱਠਾ ਕਾਰਡ - ਇਕ ਆਈ ਡੀ ਵਜੋਂ ਗਿਣਿਆ ਜਾਂਦਾ ਹੈ)
- ਕੈਨੇਡਾ ਦਾ ਪਾਸਪੋਰਟ
- ਪਰਮਾਨੈਂਟ ਰੈਜ਼ੀਡੈਂਟ ਕਾਰਡ
- ਸਿਟੀਜ਼ਨਸ਼ਿੱਪ ਕਾਰਡ (ਸਿਰਫ ਜੇ ਪਿਛਲੇ 10 ਸਾਲਾਂ ਦੌਰਾਨ ਜਾਰੀ ਕੀਤਾ ਗਿਆ ਹੋਵੇ)

ਸੈਕੰਡਰੀ ਆਈ ਡੀ (ਫੋਟੋ ਤੋਂ ਬਿਨਾਂ ਹੋ ਸਕਦੀ ਹੈ, ਪਰ ਇਸ ਉੱਤੇ ਲਿਖਿਆ ਨਾਂ ਅਤੇ ਜਨਮ ਤਰੀਕ ਦਾ ਪ੍ਰਾਇਮਰੀ ਆਈ ਡੀ ਦੇ ਨਾਲ ਮੇਲ ਖਾਂਦੀ ਹੋਣੀ ਜ਼ਰੂਰੀ ਹੈ)

- ਜਨਮ ਦਾ ਸਰਟੀਫਿਕੇਟ (ਕੈਨੇਡਾ ਦੇ ਕਿਸੇ ਸੂਬੇ ਵਲੋਂ ਜਾਰੀ ਕੀਤਾ ਗਿਆ)
- ਇੰਮੀਗ੍ਰੇਸ਼ਨ ਦੇ ਕਾਗਜ਼ (ਜਿਵੇਂ ਆਈ ਐੱਮ ਐੱਮ 1000, ਪੀ ਆਰ ਦੇ ਦਰਜੇ ਦਾ ਸਰਟੀਫਿਕੇਟ)
- ਕੈਨੇਡਾ ਦੀ ਸਿਟੀਜ਼ਨਸ਼ਿੱਪ ਦਾ ਸਰਟੀਫਿਕੇਟ (ਨਵੇਂ ਸਟਾਇਲ ਵਾਲਾ ਜਿਸ `ਤੇ ਪੂਰਾ ਨਾਂ ਅਤੇ ਜਨਮ ਦੀ ਤਰੀਕ ਹੋਵੇ)
- ਕੈਨੇਡਾ ਦਾ ਵਿਜ਼ਟਰ ਵੀਜ਼ਾ/ਵਰਕ ਪਰਮਿੱਟ (ਸਿਰਫ ਜੇ ਵਿਦੇਸ਼ੀ ਪਾਸਪੋਰਟ `ਤੇ ਲੱਗਾ ਹੋਇਆ ਹੋਵੇ)

**ਵਾਲੰਟੀਅਰ ਕ੍ਰਿਮੀਨਲ ਰਿਕਾਰਡ ਚੈੱਕ ਬਾਰੇ ਆਮ ਪੁੱਛੇ ਜਾਣ ਵਾਲੇ ਸਵਾਲ**

**ਸਵਾਲ: ਕ੍ਰਿਮੀਨਲ ਰਿਕਾਰਡ ਚੈੱਕ (ਸੀ ਆਰ ਸੀ) ਕਲੀਅਰੈਂਸ ਕਿੰਨੇ ਸਮੇਂ ਲਈ ਰਹਿੰਦੀ ਹੈ?**

ਜਵਾਬ: ਸੀ ਆਰ ਸੀ 5 ਸਾਲਾਂ ਤੱਕ ਉਚਿਤ ਰਹਿੰਦੀ ਹੈ। ਜੇ ਕਿਸੇ ਵਾਲੰਟੀਅਰ `ਤੇ 5 ਸਾਲਾਂ ਦੇ ਸਮੇਂ ਦੌਰਾਨ ਕਿਸੇ ਜੁਰਮ ਦਾ ਕੋਈ ਦੋਸ਼ ਲਾਇਆ ਗਿਆ ਹੋਵੇ ਜਾਂ ਉਸ ਨੂੰ ਕਿਸੇ ਜੁਰਮ ਲਈ ਦੋਸ਼ੀ ਪਾਇਆ ਗਿਆ ਹੋਵੇ, ਤਾਂ ਉਸ ਲਈ ਜ਼ਰੂਰੀ ਹੈ ਕਿ ਉਹ ਇਸ ਬਾਰੇ ਇਕਦਮ ਸਕੂਲ ਦੇ ਮੈਨੇਜਰ ਜਾਂ ਪ੍ਰਿੰਸੀਪਲ ਨੂੰ ਦੱਸੇ। ਰਿਕਾਰਡ ਨੂੰ ਨਵੇਂ ਸਿਰਿਉਂ ਚੈੱਕ ਕਰਨ ਦੀ ਲੋੜ ਹੋਵੇਗੀ।

**ਸਵਾਲ: ਕ੍ਰਿਮੀਨਲ ਰਿਕਾਰਡ ਚੈੱਕ `ਤੇ ਕਿੰਨਾ ਖਰਚਾ ਆਉਂਦਾ ਹੈ।**

ਜਵਾਬ: ਵਾਲੰਟੀਅਰ ਦੀ ਸੀ ਆਰ ਸੀ ਮੁਫਤ ਹੁੰਦੀ ਹੈ।

**ਸਵਾਲ: ਕਲੀਅਰੈਂਸ ਦੇ ਅਮਲ ਨੂੰ ਪੂਰਾ ਹੋਣ ਅਤੇ ਇਸ ਨੂੰ ਲੈਣ ਵਿੱਚ ਕਿੰਨਾ ਸਮਾਂ ਲਗਦਾ ਹੈ?**

ਜਵਾਬ: ਵਾਲੰਟੀਅਰ ਸੀ ਆਰ ਸੀ ਦੇ ਅਮਲ ਨੂੰ ਪੂਰਾ ਹੋਣ ਵਿੱਚ 4-6 ਹਫਤੇ ਲਗ ਸਕਦੇ ਹਨ। ਬਹੁਤੇ ਕੇਸਾਂ ਵਿੱਚ ਉਹ ਇਕ ਹਫਤੇ ਵਿੱਚ ਮੁਕੰਮਲ ਹੋ ਜਾਂਦੇ ਹਨ। ਜੇ ਵਾਲੰਟੀਅਰ ਸਾਲ ਦੇ ਦੌਰਾਨ ਕਿਸੇ ਸਮੇਂ ਵੀ ਵਾਲੰਟੀਅਰ ਕਰਨਾ ਚਾਹੁੰਦੇ ਹਨ ਤਾਂ ਉਹਨਾਂ ਨੂੰ ਸਕੂਲ ਸਾਲ ਦੇ ਸ਼ੁਰੂ ਵਿੱਚ ਸੀ ਆਰ ਸੀ ਲਈ ਐਪਲੀਕੇਸ਼ਨ ਕਰਨ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ। ਕਿਰਪਾ ਕਰਕੇ ਨੋਟ ਕਰੋ: ਤੁਹਾਡੇ ਵਲੋਂ ਸੀ ਆਰ ਸੀ ਦੀ ਐਪਲੀਕੇਸ਼ਨ ਦਾਖਲ ਕੀਤੇ ਜਾਣ ਬਾਅਦ - ਭਾਵੇਂ ਪੀ ਐੱਸ ਐੱਸ ਜੀ ਸਿਕਿਉਰਟੀ ਪ੍ਰੋਗਰਾਮ ਡਿਵੀਜ਼ਨਜ਼ ਰਾਹੀਂ ਆਨਲਾਈਨ ਜਾਂ ਹਿਊਮਨ ਰੀਸੋਰਸਜ਼ ਵਿੱਚ ਖੁਦ ਜਾ ਕੇ - ਤੁਹਾਡਾ ਸਕੂਲ ਤੁਹਾਡੇ ਨਾਲ ਇਹ ਪੁਸ਼ਟੀ ਕਰਨ ਲਈ ਸੰਪਰਕ ਕਰੇਗਾ ਕਿ ਤੁਸੀਂ ਕਦੋਂ ਤੋਂ ਵਾਲੰਟੀਅਰ ਕਰ ਸਕਦੇ ਹੋ।

**ਸਵਾਲ: ਕੀ ਮੈਨੂੰ ਆਪਣੇ ਫਿੰਗਰਪ੍ਰਿੰਟਸ (ਉਂਗਲੀਆਂ ਦੇ ਨਿਸ਼ਾਨ) ਦੇਣੇ ਪੈਣਗੇ?**

ਜਵਾਬ: ਸੀ ਆਰ ਆਰ ਪੀ, ਪ੍ਰੋਗਰਾਮ ਵਿੱਚਲੇ ਹਰ ਇਕ ਵਾਲੰਟੀਅਰ ਬਾਰੇ ਚੈੱਕ ਕਰਦਾ ਹੈ; ਪਰ ਸਿਰਫ ਉਹਨਾਂ ਲੋਕਾਂ ਨੂੰ ਹੀ ਫਿੰਗਰਪ੍ਰਿੰਟਸ (ਉਂਗਲੀਆਂ ਦੇ ਨਿਸ਼ਾਨ) ਦੇਣ ਲਈ ਕਿਹਾ ਜਾਵੇਗਾ, ਜਿਹਨਾਂ ਦੇ ਰਿਕਾਰਡ ਰੱਖਣ ਵਾਲੇ ਕਿਸੇ ਸੈਕਸ ਓਫੈਂਡਰ (ਸੈਕਸ ਨਾਲ ਸੰਬੰਧਿਤ ਜੁਰਮ ਕਰਨ ਵਾਲੇ) ਨਾਲ ਨਾਂ ਜਾਂ

ਜਨਮ ਤਰੀਕ ਮਿਲਦੇ ਹੋਣ। ਜੇ ਕਿਸੇ ਵਿਅਕਤੀ ਦੀ ਫਿੰਗਰਪ੍ਰਿੰਟਸ (ਉਂਗਲੀਆਂ ਦੇ ਨਿਸ਼ਾਨਾਂ) ਲੈਣ ਲਈ ਪਛਾਣ ਹੁੰਦੀ ਹੈ ਤਾਂ ਸੀ ਆਰ ਪੀ ਪੀ ਐਪਲੀਕੇਸ਼ਨ ਕਰਨ ਵਾਲੇ ਨੂੰ ਫਿੰਗਰਪ੍ਰਿੰਟਸ (ਉਂਗਲੀਆਂ ਦੇ ਨਿਸ਼ਾਨ) ਦੇਣ ਲਈ ਬੇਨਤੀ ਕਰਨ ਵਾਲੀ ਚਿੱਠੀ ਸਿੱਧੇ ਰੂਪ ਵਿੱਚ ਪਾਵੇਗਾ। ਇਸ ਬੇਨਤੀ ਬਾਰੇ ਸਰੀ ਸਕੂਲਜ਼ ਨੂੰ ਨਹੀਂ ਦੱਸਿਆ ਜਾਵੇਗਾ।

**ਸਵਾਲ: ਜੇ ਮੈਂ ਸਟਾਫ ਮੈਂਬਰ ਹੋਵਾਂ, ਕੀ ਮੈਨੂੰ ਵਾਲੰਟੀਅਰ ਕਰਨ ਲਈ ਕ੍ਰਿਮੀਕਲ ਰਿਕਾਰਡ ਚੈੱਕ ਮੁਕੰਮਲ ਕਰਨਾ ਪਵੇਗਾ?**
ਜਵਾਬ: ਸਟਾਫ ਲਈ ਨਵੀਆਂ ਸੀ ਆਰ ਸੀਜ਼ ਦੀ ਲੋੜ ਨਹੀਂ ਹੈ ਕਿਉਂਕਿ ਉਹ ਸਕੂਲ ਡਿਸਟ੍ਰਿਕਟ ਦੇ ਸਾਰੇ ਕਰਮਚਾਰੀਆਂ ਲਈ ਪਹਿਲਾਂ ਹੀ ਮੁਕੰਮਲ ਕੀਤੀਆਂ ਹੁੰਦੀਆਂ ਹਨ।

**ਸਵਾਲ: ਕੀ ਮੈਂ ਆਪਣੇ ਕ੍ਰਿਮੀਨਲ ਰਿਕਾਰਡ ਚੈੱਕ ਦੀ ਕਾਪੀ ਲੈ ਸਕਦਾ/ਸਕਦੀ ਹਾਂ?**
ਜਵਾਬ: ਕ੍ਰਿਮੀਨਲ ਰਿਕਾਰਡਜ਼ ਰਿਵੀਊ ਪ੍ਰੋਗਰਾਮ ਅਨੁਸਾਰ ਅਸੀਂ ਕ੍ਰਿਮੀਨਲ ਰਿਕਾਰਡ ਚੈੱਕਾਂ ਦੀਆਂ ਕਾਪੀਆਂ ਨਹੀਂ ਦੇ ਸਕਦੇ। ਜੇ ਸੀ ਆਰ ਆਰ ਪੀ ਦਾ ਹਿੱਸਾ ਹੋਣ ਵਾਲੀ ਕੋਈ ਸੰਸਥਾ ਤੁਹਾਡੇ ਸੀ ਆਰ ਸੀ ਦੀ ਕਾਪੀ ਮੰਗ ਰਹੀ ਹੋਵੇ ਤਾਂ ਤੁਸੀਂ ਉਹਨਾਂ ਤੋਂ ਸ਼ੇਅਰਿੰਗ ਕਨਸੈਂਟ ਪੈਕਜ (ਸਾਂਝੀ ਕਰਨ ਲਈ ਸਹਿਮਤੀ ਦਾ ਪੈਕਜ) ਦੇਣ ਦੀ ਮੰਗ ਕਰ ਸਕਦੇ ਹੋ। ਸੀ ਆਰ ਆਰ ਪੀ ਬਿਨਾਂ ਕਿਸੇ ਖਰਚੇ ਦੇ ਉਸ ਸੰਸਥਾ ਦੇ ਅਧਿਕਾਰਤ ਵਿਅਕਤੀ ਨੂੰ ਇਕ ਕਾਪੀ ਦੇ ਦੇਵੇਗਾ।

## ਵਾਲੰਟੀਅਰ ਡਰਾਈਵਰ - ਜਾਣਕਾਰੀ ਪੈਕਜ


ਸਰੀ ਸਕੂਲਜ਼ ਦੇ ਪ੍ਰੋਸੀਜਰ 10313.1 - ਵਾਲੰਟੀਅਰ ਡਰਾਈਵਰਜ਼ ਅਨੁਸਾਰ, ਉਹਨਾਂ ਵਾਲੰਟੀਅਰਾਂ ਨੂੰ ਆਪਣੇ ਕ੍ਰਿਮੀਨਲ ਰਿਕਾਰਡ ਚੈੱਕਾਂ (ਸੀ ਆਰ ਸੀਜ਼) ਦੇ ਨਾਲ ਨਾਲ ਡਰਾਈਵਰ ਐਬਸਟ੍ਰੈਕਟ ਅਤੇ ਮੁਕੰਮਲ ਕੀਤਾ ਵਾਲੰਟੀਅਰ ਡਰਾਈਵਰ ਐਪਲੀਕੇਸ਼ਨ ਫਾਰਮ ਵੀ ਦੇਣਾ ਪਵੇਗਾ ਜਿਹੜੇ ਆਪਣੀਆਂ ਵਾਲੰਟੀਅਰ ਸਰਗਰਮੀਆਂ ਦੌਰਾਨ ਵਿਦਿਆਰਥੀਆਂ ਨੂੰ ਟ੍ਰਾਂਸਪੋਰਟ ਕਰਦੇ ਹਨ।

### ਡਰਾਈਵਰ ਐਬਸਟ੍ਰੈਕਟ


ਡਰਾਈਵਰ ਐਬਸਟ੍ਰੈਕਟ ਵਿਅਕਤੀ ਦੇ ਪੰਜ ਸਾਲਾਂ ਦੇ ਡਰਾਈਵਿੰਗ ਦੇ ਇਤਿਹਾਸ ਦਾ ਰਿਕਾਰਡ ਹੁੰਦਾ ਹੈ। ਬੀ ਸੀ ਦੇ ਵਸਨੀਕ ਹੇਠ ਲਿਖੇ ਕਦਮਾਂ ਦੀ ਪਾਲਣਾ ਕਰਕੇ ਡਰਾਈਵਰ ਰਿਕਾਰਡ (ਆਈ ਸੀ ਬੀ ਸੀ. ਕਾਮ) ਤੋਂ ਸੌਖਿਆਂ ਹੀ ਮੁਫਤ ਆਪਣੇ ਡਰਾਈਵਰ ਐਬਸਟ੍ਰੈਕਟ ਦੀ ਕਾਪੀ ਲੈ ਸਕਦੇ ਹਨ।

**ਡਰਾਈਵਰ ਐਬਸਟ੍ਰੈਕਟ ਪ੍ਰਾਪਤ ਕਰਨਾ:**

**ਕਦਮ 1:** ਆਈ ਸੀ ਬੀ ਸੀ. ਕਾਮ `ਤੇ ਜਾਉ ਅਤੇ ਉਪਰਲੀ ਪੱਟੀ (ਬਾਰ) `ਤੇ "ਡਰਾਈਵਰ ਲਾਇਸੈਂਸਿੰਗ ਐਂਡ ਆਈ ਡੀ" `ਤੇ ਜਾਉ ਅਤੇ ਹੇਠਾਂ ਨੂੰ ਖੁੱਲ੍ਹਣ ਵਾਲੇ (ਡ੍ਰੌਪ ਡਾਊਨ) ਮੀਨੂ ਤੋਂ "ਯੂਅਰ ਲਾਇਸੈਂਸ" ਚੁਣੋ। ਅੱਗੇ, ਖੱਬੇ ਪਾਸੇ ਦੀ ਮੀਨੂ ਵਾਲੀ ਪੱਟੀ (ਬਾਰ) ਤੋਂ "ਯੂਅਰ ਡਰਾਈਵਿੰਗ ਰਿਕਾਰਡ" ਦੇ ਲੇਬਲ ਵਾਲੀ ਟੈਬ ਚੁਣੋ।




**ਕਦਮ 2:** "ਗੈੱਟ ਯੂਅਰ ਡਰਾਈਵਰ ਰਿਕਾਰਡਜ਼" ਦੇ ਲੇਬਲ ਵਾਲੇ ਜਾਮਣੀ ਬਟਨ `ਤੇ ਕਲਿੱਕ ਕਰੋ।




**ਕਦਮ 3:** ਆਪਣਾ ਨਾਂ ਅਤੇ ਆਪਣੇ ਬੀ ਸੀ ਦੇ ਡਰਾਈਵਰ ਲਾਇਸੈਂਸ ਦਾ ਨੰਬਰ ਭਰੋ ਅਤੇ "ਪਰਸਨਲ ਡਰਾਈਵਿੰਗ ਰਿਕਾਰਡ" ਨੂੰ ਚੁਣੋ।
**ਕਦਮ 4:** ਆਈ ਸੀ ਬੀ ਸੀ ਤੁਹਾਡੇ ਵਲੋਂ ਦਿੱਤੇ ਗਏ ਈਮੇਲ ਐਡਰੈਸ `ਤੇ ਡਰਾਈਵਰ ਐਬਸਟ੍ਰੈਕਟ ਦੀ ਪੀ ਡੀ ਐੱਫ ਫਾਈਲ ਭੇਜ ਦੇਵੇਗੀ, ਜਿਸ ਨੂੰ ਤੁਸੀਂ ਪ੍ਰਿੰਟ ਕਰਕੇ ਸਕੂਲ ਦੇ ਦਫਤਰ ਨੂੰ ਦੇ ਸਕੋਗੇ।

**ਵਾਲੰਟੀਅਰਾਂ ਦੇ ਡਰਾਈਵਰ ਐਬਸਟ੍ਰੈਕਟਾਂ ਦਾ ਮੁੱਲਾਂਕਣ ਕਿਵੇਂ ਕੀਤਾ ਜਾਂਦਾ ਹੈ?**
ਸਕੂਲ ਡਿਸਟ੍ਰਿਕਟ ਲਈ ਵਾਲੰਟੀਅਰ ਵਜੋਂ ਯੋਗ ਮੰਨੇ ਜਾਣ ਲਈ, ਐਬਸਟ੍ਰੈਕਟ ਵਿੱਚ ਇਹ ਦੱਸਿਆ ਹੋਣਾ ਜ਼ਰੂਰੀ ਹੈ:

Surrey Schools

1. ਡਰਾਈਵਰ ਸਟੈਟਸ: ਨੌਰਮਲ/ਹੋਲਡ
2. ਪਿਛਲੇ ਤਿੰਨ ਸਾਲਾਂ ਵਿੱਚ ਮੋਟਰ ਵਿਹੀਕਲ ਐਕਟ ਦੀਆਂ ਦੋ ਤੋਂ ਵੱਧ ਉਲੰਘਣਾਵਾਂ ਦਾ ਨਾ ਹੋਣਾ

3. ਪਿਛਲੇ ਤਿੰਨ ਸਾਲਾਂ ਦੌਰਾਨ ਤਿੰਨ ਤੋਂ ਵੱਧ ਪੁਆਇੰਟਾਂ ਦਾ ਨਾ ਹੋਣਾ
4. ਪਿਛਲੇ ਪੰਜ ਸਾਲਾਂ ਵਿੱਚ ਕੋਈ ਸਸਪੈਂਸ਼ਨ ਜਾਂ ਪ੍ਰੋਹਿਬਸ਼ਨ ਨਾ ਲੱਗੀ ਹੋਣਾ

ਕਿਰਪਾ ਕਰਕੇ ਇਹ ਯਕੀਨੀ ਬਣਾਉ ਕਿ ਤੁਹਾਡੀ ਵਾਲੰਟੀਅਰ ਡਰਾਈਵਰ ਦੀ ਐਪਲੀਕੇਸ਼ਨ ਵਿੱਚ ਅਰਜ਼ੀ ਦਾਖਲ ਕਰਨ ਤੋਂ ਪਹਿਲੇ 30 ਦਿਨਾਂ ਦੇ ਵਿੱਚ ਜਾਰੀ ਹੋਇਆ ਡਰਾਈਵਰ ਐਬਸਟ੍ਰੈਕਟ ਹੋਵੇ। ਜੇ ਸਕੂਲ ਸਾਲ ਦੇ ਦੌਰਾਨ ਮੋਟਰ ਵਿਹੀਕਲ ਦੀ ਕੋਈ ਅਜਿਹੀ ਉਲੰਘਣਾ ਹੋਵੇ ਜਿਹੜੀ ਤੁਹਾਡੀ ਯੋਗਤਾ `ਤੇ ਅਸਰ ਪਾਉਂਦੀ ਹੋਵੇ, ਤਾਂ ਤੁਰੰਤ ਸਕੂਲ ਦੇ ਪ੍ਰਿੰਸੀਪਲ ਨੂੰ ਇਸ ਤੋਂ ਜਾਣਾ ਕਰਵਾਉ ਅਤੇ ਇਕਦਮ ਵਾਲੰਟੀਅਰ ਡਰਾਈਵਰ ਦੇ ਫਰਜ਼ ਨਿਭਾਉਣੇ ਬੰਦ ਕਰ ਦਿਉ।

**ਨੋਵਿਸ (ਐੱਨ) ਡਰਾਈਵਰ**

N ਜਦੋਂ ਕਿ ਨੋਵਿਸ ਲਾਇਸੈਂਸ ਵਾਲੇ ਡਰਾਈਵਰਾਂ ਨੂੰ ਡਰਾਈਵਰਾਂ ਵਜੋਂ ਵਾਲੰਟੀਅਰ ਕਰਨ ਦੀ ਮਨਾਹੀ ਨਹੀਂ ਹੈ, ਕਿਰਪਾ ਕਰਕੇ ਹੇਠ ਦਿੱਤੀਆਂ ਗੱਲਾਂ ਨੂੰ ਧਿਆਨ ਵਿੱਚ ਰੱਖੋ:

- ਲਾਇਸੈਂਸ `ਤੇ ਲਾਈਆਂ ਬੰਦਸ਼ਾਂ ਨੋਵਿਸ ਡਰਾਈਵਰਾਂ ਨੂੰ ਸਿਰਫ ਇਕ ਸਵਾਰੀ ਨੂੰ ਟ੍ਰਾਂਸਪੋਰਟ ਕਰਨ ਲਈ ਸੀਮਤ ਕਰਦੀਆਂ ਹਨ
- ਸਕੂਲ ਬੋਰਡ ਦੀ ਪਾਲਸੀ ਨੋਵਿਸ ਡਰਾਈਵਰ ਵਲੋਂ ਟ੍ਰਾਂਸਪੋਰਟ ਕੀਤੇ ਜਾਣ ਵਾਲੇ ਬੱਚੇ ਦੇ ਮਾਪਿਆਂ ਵਲੋਂ ਲਿਖਤੀ ਸਹਿਮਤੀ ਦਿੱਤੇ ਜਾਣ ਦੀ ਮੰਗ ਕਰਦੀ ਹੈ

ਇਹਨਾਂ ਸੀਮਾਵਾਂ ਕਾਰਨ, ਨੋਵਿਸ ਲਾਇਸੈਂਸ ਵਾਲਿਆਂ ਦੀਆਂ ਐਪਲੀਕੇਸ਼ਨਾਂ ਦਾ ਰਿਵੀਊ ਕਰਦੇ ਸਮੇਂ ਸਕੂਲ ਇਹਨਾਂ ਗੱਲਾਂ `ਤੇ ਧਿਆਨ ਨਾਲ ਗੌਰ ਕਰਦੇ ਹਨ। ਜੇ ਤੁਸੀਂ ਆਪਣੇ ਬੱਚੇ ਵਲੋਂ ਡਰਾਈਵਰ ਵਜੋਂ ਵਾਲੰਟੀਅਰ ਦਾ ਕੰਮ ਕਰਨ ਵਿੱਚ ਦਿਲਚਸਪੀ ਰੱਖਦੇ ਹੋ, ਤਾਂ ਹੋਰ ਸੇਧ ਲਈ ਸਕੂਲ ਦੇ ਸਟਾਫ ਨਾਲ ਸੰਪਰਕ ਕਰੋ। ਕਿਰਪਾ ਕਰਕੇ ਨੋਟ ਕਰੋ: ਸਟੂਡੈਂਟ ਡਰਾਈਵਰਾਂ ਲਈ ਤਾਜ਼ਾ ਜਾਰੀ ਕੀਤਾ ਗਿਆ ਡਰਾਈਵਰ ਐਬਸਟ੍ਰੈਕਟ ਦੇਣਾ ਜ਼ਰੂਰੀ ਹੈ।

**ਗੱਡੀਆਂ ਦੀ ਇੰਸ਼ੋਰੈਂਸ**

ਸਕੂਲ ਦੇ ਕੰਮ ਦੌਰਾਨ ਗੱਡੀ ਦੇ ਐਕਸੀਡੈਂਟ ਹੋਣ ਦੀ ਮੰਦਭਾਗੀ ਘਟਨਾ ਦੌਰਾਨ, ਇੰਸ਼ੋਰੈਂਸ ਦੇ ਕਲੇਮ ਐਕਸੀਡੈਂਟ ਵਿੱਚ ਸ਼ਾਮਲ ਗੱਡੀ ਦੀ ਇੰਸ਼ੋਰੈਂਸ ਦੀਆਂ ਸ਼ਰਤਾਂ ਅਨੁਸਾਰ ਨਿਬੇੜੇ ਜਾਂਦੇ ਹਨ। ਸਕੂਲ ਡਿਸਟ੍ਰਿਕਟ, ਬੋਰਡ ਨਾਲ ਸੰਬੰਧਿਤ ਕੰਮ ਲਈ ਕਿਸੇ ਵਾਲੰਟੀਅਰ ਜਾਂ ਕਰਮਚਾਰੀ ਦੀ ਵਰਤੀ ਗਈ ਗੱਡੀ ਲਈ ਸਰੀਰਕ ਨੁਕਸਾਨ ਦੀ ਇੰਸ਼ੋਰੈਂਸ ਜਾਂ ਮੁਢਲੀ ਦੇਣਦਾਰੀ (ਪ੍ਰਾਈਮਰੀ ਲਾਇਬਿਲਟੀ) ਦੀ ਕਵਰੇਜ ਪ੍ਰਦਾਨ ਨਹੀਂ ਕਰਦਾ।

**ਪ੍ਰਾਈਵੇਸੀ ਦੀ ਨੀਤੀ**

ਤੁਹਾਡੀ ਐਪਲੀਕੇਸ਼ਨ ਨਾਲ ਸੰਬੰਧਿਤ ਇਕੱਤਰ ਕੀਤੀ ਗਈ ਸਾਰੀ ਨਿੱਜੀ ਜਾਣਕਾਰੀ ਸੁਰੱਖਿਅਤ ਢੰਗ ਨਾਲ ਰੱਖੀ ਜਾਵੇਗੀ, ਸਿਰਫ ਵਾਲੰਟੀਅਰ ਡਰਾਈਵਰ ਦੇ ਪੁਸ਼ਟੀ ਦੇ ਅਮਲ (ਵੇਰੀਫਿਕੇਸ਼ਨ ਪ੍ਰੋਸੈੱਸ) ਲਈ ਵਰਤੀ ਜਾਵੇਗੀ ਅਤੇ ਅਤੇ ਫ੍ਰੀਡਮ ਔਫ ਇਨਫਰਮੇਸ਼ਨ ਐਂਡ ਪ੍ਰੋਟੈਕਸ਼ਨ ਐਕਟ ਦੇ ਸੈਕਸ਼ਨ 26 (ਸੀ) ਅਤੇ ਸਕੂਲ ਬੋਰਡ ਪਾਲਸੀ 5700- ਪ੍ਰਾਈਵੇਸੀ ਪਾਲਸੀ ਅਨੁਸਾਰ ਗੁਪਤ ਰੱਖੀ ਜਾਵੇਗੀ। ਜੇ ਨਿੱਜੀ ਜਾਣਕਾਰੀ ਇਕੱਤਰ ਕੀਤੇ ਜਾਣ ਬਾਰੇ ਤੁਹਾਡਾ ਕੋਈ ਸਵਾਲ ਹੋਵੇ ਤਾਂ privacy@surreyschools.ca`ਤੇ ਸੰਪਰਕ ਕਰੋ।